Australian Government

Department of Health,
Disability and Ageing



# ਤੁਹਾਡਾ ਅਗਲੀ ਵਾਰ ਜੀ ਪੀ ਨੂੰ ਮਿਲਣ ਦਾ ਬਿੱਲ ਮੈਡੀਕੇਅਰ ਭਰੇਗਾ

Punjabi

ਬਲਕ ਬਿਲਿੰਗ ਤੁਹਾਨੂੰ ਲੋੜ ਪੈਣ ‘ਤੇ ਤੁਹਾਡੇ ਮੈਡੀਕੇਅਰ ਕਾਰਡ ਨਾਲ ਮੁਫ਼ਤ ਸਿਹਤ ਸੰਭਾਲ ਤੱਕ ਪਹੁੰਚ ਪ੍ਰਦਾਨ ਕਰਦਾ ਹੈ।

ਬਲਕ ਬਿਲਿੰਗ ਦਾ ਮਤਲਬ ਹੈ ਕਿ ਜਦੋਂ ਤੁਸੀਂ ਕਿਸੇ ਜੀ ਪੀ ਨੂੰ ਮਿਲਦੇ ਹੋ ਤਾਂ ਤੁਹਾਨੂੰ ਕੁਝ ਵੀ ਭੁਗਤਾਨ ਨਹੀਂ ਕਰਨਾ ਪੈਂਦਾ, ਕਿਉਂਕਿ ਮੈਡੀਕੇਅਰ ਸੇਵਾ ਦੀ ਪੂਰੀ ਕੀਮਤ ਨੂੰ ਕਵਰ ਕਰਦਾ ਹੈ।

ਆਸਟ੍ਰੇਲੀਆ ਸਰਕਾਰ ਬਲਕ ਬਿਲਿੰਗ ਲਈ ਵਧੇਰੇ ਫੰਡਿੰਗ ਪ੍ਰਦਾਨ ਕਰ ਰਹੀ ਹੈ, ਅਤੇ ਹਰੇਕ ਯੋਗ ਮਰੀਜ਼ ਲਈ ਬਲਕ ਬਿਲਿੰਗ ਦੀ ਪੇਸ਼ਕਸ਼ ਕਰਨ ਲਈ ਹੋਰ ਜਨਰਲ ਪ੍ਰੈਕਟਿਸਾਂ (ਕਲੀਨਿਕਾਂ) ਨੂੰ ਫੰਡਿੰਗ ਦੇ ਰਹੀ ਹੈ - ਇਸ ਲਈ ਬਲਕ ਬਿਲਿੰਗ ਜੀ ਪੀ ਲੱਭਣਾ ਹੁਣ ਹੋਰ ਵੀ ਆਸਾਨ ਹੋ ਗਿਆ ਹੈ।

ਇਸ ਨਾਲ ਤੁਸੀਂ ਅਤੇ ਤੁਹਾਡਾ ਪਰਿਵਾਰ ਹਰ ਸਾਲ ਆਪਣੀ ਜੇਬ ਵਿਚੋਂ ਖ਼ਰਚ ਹੋਣ ਵਾਲ਼ੇ ਸੈਂਕੜੇ ਡਾਲਰ ਬਚਾਅ ਸਕਦੇ ਹੋ।

**ਹੋਰ ਜਾਣਕਾਰੀ ਲਈ ਇਸ QR ਕੋਡ ਨੂੰ ਸਕੈਨ ਕਰੋ।**

**ਆਪਣੇ ਨੇੜੇ ਇੱਕ ਬਲਕ ਬਿਲਿੰਗ ਜੀ ਪੀ ਲੱਭਣ ਲਈ health.gov.au/bulkbilling ‘ਤੇ ਜਾਓ।**